ਪੰਜਾਬ ਰਾਜ ਪਾਵਰ ਕਾਰਪੋਰੇਸ਼ਨ(ਲਿ.)
(ਦ:ਪ੍ਰਮੁੱਖ ਇੰਜੀ:/ਐਚ.ਆਰ.ਡੀ, ਆਈ.ਆਰ.ਪੀ.ਸੈਲ ਪਟਿਆਲਾ)

ਵੱਲ

1 ਸੀਨੀ.ਪੀ.ਐਸ. ਟੂ ਡੀ.ਜੀ.ਪੀ./ਵੀ ਅਤੇ ਐਸ ਪਟਿਆਲਾ।
2 ਮੁੱਖ ਪ੍ਰਬੰਧਕੀ ਅਤੇ ਭਲਾਈ, ਪਟਿਆਲਾ।
3 ਮੁੱਖ ਇੰਜਨੀਅਰ/ਹਾਈਡਲ ਪ੍ਰੋਜ਼ੈਕਟਸ ਪਟਿਆਲਾ।
4 ਮੁੱਖ ਇੰਜਨੀਅਰ/ਕੁਆਲਟੀ ਇੰਮਪਰੂਵਮੈਂਟ ਐਡ ਟੈਕਨੀਕਲ ਆਡਿਟ ਪਟਿਆਲਾ।
5 ਮੁੱਖ ਇੰਜਨੀਅਰ/ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ।
6 ਮੁੱਖ ਇੰਜਨੀਅਰ/ਸੰਚਾਲਨ(ਕੇਂਦਰੀ) ਲੁਧਿਆਣਾ।
7 ਮੁੱਖ ਇੰਜਨੀਅਰ/ਸੰਚਾਲਨ (ਦੱਖਣ)ਪਟਿਆਲਾ।
8 ਮੁੱਖ ਇੰਜਨੀਅਰ/ਸੰਚਾਲਨ (ਪੱਛਮੀ) ਬਠਿੰਡਾ।
9 ਮੁੱਖ ਇੰਜਨੀਅਰ/ ਸੰਚਾਲਨ (ਬਾਰਡਰ) ਅੰਮ੍ਰਿਤਸਰ।
10 ਮੁੱਖ ਇੰਜਨੀਅਰ/ ਸੰਚਾਲਨ (ਉੱਤਰੀ) ਜਲੰਧਰ।
11 ਮੁੱਖ ਇੰਜਨੀਅਰ/ ਵਣਜ ਪਟਿਆਲਾ।
12 ਮੁੱਖ ਇੰਜਨੀਅਰ/ ਐਮ.ਐਮ. ਪਟਿਆਲਾ।
13 ਮੁੱਖ ਇੰਜਨੀਅਰ/ ਮੀਟਰਿੰਗ ਪਟਿਆਲਾ।
14 ਮੁੱਖ ਇੰਜਨੀਅਰ/ ਵਰਕਸ਼ਾਪ ਲੁਧਿਆਣਾ।
15 ਮੁੱਖ ਇੰਜਨੀਅਰ/ ਸਟੋਰਜ ਐਡ ਡਿਸਪੋਜਲ ਪਟਿਆਲਾ।
16 ਮੁੱਖ ਇੰਜਨੀਅਰ/ ਪਲੈਨਿੰਗ ਪਟਿਆਲਾ।
17 ਮੁੱਖ ਇੰਜਨੀਅਰ/ ਆਰ.ਈ.ਐਡ ਏ.ਪੀ.ਡੀ.ਆਰ.ਪੀ, ਪਟਿਆਲਾ।
18 ਮੁੱਖ ਇੰਜਨੀਅਰ/ ਐਨਰਜੀ ਆਡਿਟ ਐਡ ਇਨਫੋਰਸਮੈਂਟ ਪਟਿਆਲਾ।
19 ਮੁੱਖ ਇੰਜਨੀਅਰ/ ਪਲੈਨਿੰਗ (ਇਰੀਗੇਸ਼ਨ ਵਰਕਸ) ਪੰਜਾਬ, ਚੰਡੀਗੜ੍ਹ।
20 ਮੁੱਖ ਇੰਜਨੀਅਰ/ ਸਿਵਲ ਡਿਜਾਇਨ ਅਤੇ ਉਸਾਰੀ ਪਟਿਆਲਾ।
21 ਮੁੱਖ ਇੰਜਨੀਅਰ/ਇਲੈਕਟ੍ਰੀਕਲ ਗਰੀਵੈਨਸੀਜ਼ ਰਿਡਰੈਸਲ ਫੋਰਮ,, ਪਟਿਆਲਾ।
22 ਮੁੱਖ ਇੰਜਨੀਅਰ/ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਓ ਅਤੇ ਐਮ ਰੋਪੜ।
23 ਮੁੱਖ ਇੰਜਨੀਅਰ/ਗੁਰੂ ਹਰਗੋਬਿੰਦ ਥਰਮਲ ਪਲਾਂਟ ਓ ਅਤੇ ਐਮ ਲਹਿਰਾ ਮੁਹੱਬਤ।
24 ਮੁੱਖ ਇੰਜਨੀਅਰ/ਗੁਰੂ ਹਰਗੋਬਿੰਦ ਥਰਮਲ ਪਲਾਂਟ ਉਸਾਰੀ ਲਹਿਰਾ ਮੁਹੱਬਤ
25 ਮੁੱਖ ਇੰਜਨੀਅਰ/ਥਰਮਲ ਡਿਜਾਇਨ ਪਟਿਆਲਾ।
26 ਮੁੱਖ ਇੰਜਨੀਅਰ/ਟੀ.ਐਸ., ਪਸਪਕਲ, ਪਟਿਆਲਾ।
27 ਮੁੱਖ ਆਡੀਟਰ ਪਟਿਆਲਾ।
28 ਮੁੱਖ ਲੇਖਾ ਅਫਸਰ/ਅਮਲਾ ਭਾਗ ਪਟਿਆਲਾ।
29 ਮੁੱਖ ਲੇਖਾ ਅਫਸਰ/ਕਾਸਟ ਕੰਟਰੋਲਰ ਅਤੇ ਰੈਵੀਨਿਊ, ਪਟਿਆਲਾ।
30 ਐਫ.ਏ.ਐਂਡ ਸੀ.ਈ.ਓ, ਪਟਿਆਲਾ।
31 ਪ੍ਰਿੰਸੀਪਲ/ਟੀ.ਟੀ.ਆਈ, ਪਟਿਆਲਾ।
32 ਸੰਯੁਕਤ ਸਕੱਤਰ/ਸੇਵਾਵਾਂ-1(ਗਜ਼ਟੀ-6), ਪਟਿਆਲਾ।
33 ਉਪ ਸਕੱਤਰ/ਅ:ਅ:-1, ਪਟਿਆਲਾ।
34 ਉਪ ਸਕੱਤਰ/ਅ:ਅ:-4, ਪਟਿਆਲਾ।
35 ਉਪ ਸਕੱਤਰ/ਜੇਨਜ਼.(ਸੀ,ਟੀ ਅਤੇ ਡੀ), ਪਟਿਆਲਾ।

ਮੀਮੋਨੰ: 15813/49 /ਆਈ.ਆਰ.ਪੀ-21/12(12/12)

ਮਿਤੀ 25/01/2013

ਵਿਸ਼ਾ ਪੀਐਸਪੀਸੀਐਲ/ ਦੀਆਂ ਸੇਵਾਵਾਂ ਵਿਚ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਸਬੰਧੀ ਅੰਕੜੇ, ਸਮਾਪਤੀ 31.12.12 ।

ਵਿਸ਼ਾ ਅੰਕਿਤ ਸਮਾਪਤੀ ਰਿਪੋਰਟ, ਜਿਸ ਦੇ ਅੰਕੜੇ ਪੰਜਾਬ ਸਰਕਾਰ ਨੂੰ ਭੇਜਣ ਦੇ ਨਾਲ ਨਾਲ ਪੀਐਸਪੀਸੀਐਲ ਦੇ ਪ੍ਰਸ਼ਾਸ਼ਨੀ ਰਿਪੋਰਟ ਭਾਗ ਨੂੰ ਪ੍ਰਸ਼ਾਸ਼ਨੀ ਰਿਪੋਰਟ ਸਾਲ 2012-2013 ਵਿੱਚ ਛੱਪਣ

ਚਲਿਆ

ਲਈ ਭੇਜੇ ਜਾਣੇ ਹਨ, ਹਰ ਸਾਲ ਦੀ ਤਰ੍ਹਾਂ ਨੱਥੀ ਕੀਤੇ ਪ੍ਰੋਫਾਰਮੇ ਤੇ ਆਪਣੀ ਸਾਰੀ ਐਡਮਿਨੀਸਟਰੇਸ਼ਨ ਪ੍ਰਤੀ ਹਰ ਪੱਖੋਂ ਮੁਕੰਮਲ ਸੂਚਨਾ ਮਿਤੀ ***15.2.2013*** ਤੱਕ ਇਸ ਦਫਤਰ ਨੂੰ ਭੇਜੀ ਜਾਵੇ ਜੀ:-

ਲੋੜੀਂਦੀ ਰਿਪੋਰਟ ਭੇਜਣ ਸਮੇਂ ਹੇਠ ਲਿਖੇ ਨੁਕਤਿਆਂ ਦਾ ਖਾਸ ਧਿਆਨ ਰੱਖਿਆ ਜਾਵੇ:

1. ਦਰਜਾ 3 ਅਤੇ 4 ਦੀਆਂ ਕੁਝ ਕੈਟਾਗਰੀਆਂ ਜੋ ਸੈਂਟਰਲਾਈਜ਼ਡ ਹਨ, ਸਬੰਧੀ ਸਮੁੱਚੀ ਸੂਚਨਾ ਪੀਐਸਪੀਸੀਐਲ ਦੇ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਭੇਜੀ ਜਾਵੇ।

2. ਦਰਜਾ 1,2 ਕੈਟਾਗਰੀਆਂ ਸਬੰਧੀ ਸਮੁੱਚੀ ਸੂਚਨਾ ਨੂੰ ਉਪ ਸਕੱਤਰ/ਸੇਵਾਵਾਂ-1 ਅਤੇ 2(ਗਜ਼ਟੀ ਭਾਗ-6 ਅਤੇ 2) ਵੱਲੋਂ ਭੇਜੀ ਜਾਵੇ। ਫੀਲਡ ਦਫਤਰਾਂ ਨੂੰ ਦਰਜਾ 1, 2 ਕੈਟਗਾਰੀਆਂ ਸਬੰਧੀ ਸੂਚਨਾ ਭੇਜਣ ਦੀ ਲੋੜ ਨਹੀਂ ਹੈ।

3. ਵਿਜੀਲੈਂਸ ਕੈਟਾਗਰੀਆਂ ਸਬੰਧੀ ਸੂਚਨਾ ਪੀਐਸਪੀਸੀਐਲ ਦੇ ਚੌਕਸੀ ਅਤੇ ਸੁਰੱਖਿਆ ਵਿਭਾਗ ਵੱਲੋਂ ਦਿੱਤੀ ਜਾਵੇ।

4. ਸਹਾਇਕ ਲਾਈਨਮੈਨਾਂ ਸਬੰਧੀ ਸਮੁੱਚੀ ਸੂਚਨਾ ਜੋਨ ਪੱਧਰ ਤੇ ਮੁੱਖ ਇੰਜੀਨੀਅਰ/ਸੰਚਾਲਣ ਬਾਰਡਰ, ਕੇਂਦਰੀ, ਉੱਤਰ, ਦੱਖਣ ਅਤੇ ਪੱਛਮ ਵੱਲੋਂ ਹੀ ਦਿੱਤੀ ਜਾਵੇ।

5. ਦਰਜਾ 3 ਅਤੇ 4 ਥਰਮਲ ਕੈਟਾਗਰੀਆਂ ਸਬੰਧੀ ਸੂਚਨਾ ਮੁੱਖ ਇੰਜੀਨੀਅਰ/ਥਰਮਲ ਜੀ.ਐਨ.ਡੀ.ਟੀ.ਪੀ. ਬਠਿੰਡਾ ਅਤੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ, ਰੋਪੜ ਅਤੇ ਮੁੱਖ ਇੰਜੀਨੀਅਰ/ਜੀ.ਐਚ.ਟੀ.ਪੀ ਲਹਿਰਾ ਮੁਹੱਬਤ ਵੱਲੋਂ ਭੇਜੀ ਜਾਣੀ ਹੈ।

6. ਦਰਜਾ 3 ਅਤੇ 4 ਕਰਮਚਾਰੀਆਂ ਦੀਆਂ ਉਹ ਕੈਟਾਗਰੀਆਂ ਜੋ ਸੈਂਟਰਲਾਈਜ਼ਡ ਨਹੀਂ ਹਨ ਅਤੇ ਆਮ ਤੌਰ ਤੇ ਨਿਗਰਾਨ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰਾਂ ਵੱਲੋਂ ਭਰੀਆਂ ਗਈਆਂ ਹਨ ਜਾਂ ਭਰੀਆਂ ਜਾਂਦੀਆਂ ਹਨ, ਸਬੰਧੀ ਸਮੁੱਚੀ ਸੂਚਨਾ ਬਾਰੇ ਸਾਰੇ ਦਫਤਰਾਂ ਵੱਲੋਂ ਆਪਣੇ ਮੁੱਖ ਇੰਜੀਨੀਅਰਾਂ ਰਾਹੀਂ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਦਰਜਾ 3 ਅਤੇ 4 ਕੈਟਾਗਰੀਆਂ ਸਬੰਧੀ ਉਨ੍ਹਾਂ ਸਾਰੇ ਕਰਮਚਾਰੀਆਂ ਦੀ ਸੂਚਨਾ ਪ੍ਰੋਫਾਰਮੇ ਵਿੱਚ ਭੇਜੀ ਜਾ ਰਹੀ ਹੈ ਜੋ ਉਨ੍ਹਾਂ ਦੇ ਦਫਤਰਾਂ ਜਾਂ ਉਹਨਾਂ ਅਧੀਨ ਆਉਂਦੇ ਦਫਤਰਾਂ ਵਿੱਚ ਕੰਮ ਕਰਦੇ ਹਨ, ਭਾਵੇਂ ਉਨ੍ਹਾਂ ਦੀ ਨਿਯੁਕਤੀ ਤਰੱਕੀ ਕਿਸੇ ਵੀ ਦਫਤਰ ਵੱਲੋਂ ਕੀਤੀ ਗਈ ਹੋਵੇ।

7. ਸੂਚਨਾ ਭੇਜਣ ਸਮੇਂ ਮੰਨਜੂਰਸ਼ੁਦਾ ਆਸਾਮੀਆਂ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਭੇਜੀ ਜਾਣ ਵਾਲੀ ਸੂਚਨਾ ਹੇਠ ਇਹ ਤਸਦੀਕ ਕੀਤਾ ਜਾਵੇ ਕਿ ਭੇਜੀ ਗਈ ਸੂਚਨਾ ਦੇ ਅੰਕੜੇ ਮੰਨਜੂਰਸ਼ੁਦਾ ਆਸਾਮੀਆਂ ਦੇ ਅੰਕੜਿਆਂ ਨਾਲ ਮੇਲ ਖਾਂਦੇ ਹਨ।

8. ਵਿਸ਼ਾ ਸਬੰਧੀ 31.12.11 ਦੀ ਆਪ ਵੱਲੋਂ ਭੇਜੀ ਗਈ ਸੂਚਨਾ ਵਿਚ ਕਈ ਕੈਟਾਗਰੀਆਂ ਦੀ ਸੂਚਨਾ ਭੇਜੀ ਹੀ ਨਹੀਂ ਗਈ ਅਤੇ ਜਿਨ੍ਹਾਂ ਕੈਟਾਗਰੀਆਂ ਦੀ ਸੂਚਨਾ ਭੇਜੀ ਗਈ ਸੀ, ਉਨ੍ਹਾਂ ਦੇ ਅੰਕੜੇ ਪੀਐਸਪੀਸੀਐਲ/ਪੀਐਸਟੀਸੀਐਲ ਦੇ ਕੇਡਰ ਭਾਗ ਵੱਲੋਂ ਤਿਆਰ ਕੀਤੀ ਗਈ ਮੰਨਜੂਰਸ਼ੁਦਾ ਆਸਾਮੀਆਂ ਸਬੰਧੀ ਸੂਚੀ ਨਾਲ ਮੇਲ ਨਹੀਂ ਖਾਂਦੇ। ਮੰਨਜੂਰਸ਼ੁਦਾ ਆਸਾਮੀਆਂ, ਭਰੀਆਂ ਆਸਾਮੀਆਂ ਵਿੱਚ ਕਈ ਥਾਂ ਬਹੁਤਾ ਫਰਕ ਸੀ। ਇਸ ਸਬੰਧ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਸਾਰੀਆਂ ਕੈਟਾਗਰੀਆਂ ਦੀ ਜਿਨ੍ਹਾਂ ਦਾ ਕੰਟਰੋਲ ਆਪ ਪਾਸ ਹੈ ਜਾਂ ਉਪਰੋਕਤ ਪੈਰਾ-6 ਅਧੀਨ ਆਉਂਦੀਆਂ ਹਨ, ਦੀ ਸੂਚਨਾ ਉਸੇ ਕ੍ਰਮ ਵਿਚ ਕੈਟਾਗਰੀਆਂ ਅਨੁਸਾਰ ਨੱਥੀ ਮਿੱਥੇ ਪ੍ਰੋਫਾਰਮੇ ਤੇ ਇਸ ਦਫਤਰ ਨੂੰ ਅਗਲੇਰੀ ਕਾਰਵਾਈ ਹਿਤ ਭੇਜੀ ਜਾਵੇ ਜੀ। ਸੂਚਨਾ ਇਸ ਤਰ੍ਹਾਂ ਭੇਜੀ ਜਾਵੇ ਕਿ ਸੂਚਨਾ ਦੇ ਅੰਕੜਿਆਂ ਦਾ ਮਿਲਾਨ ਕੇਡਰ ਦੀ ਸੂਚੀ ਨਾਲ ਮਿਲਾਨ ਕਰਦੇ ਮੁਸ਼ਕਲ ਪੇਸ਼ ਨਾ ਆਵੇ।

ਨੋਟ: ਇਸ ਦਫਤਰ ਨੂੰ ਭੇਜੇ ਜਾਣ ਵਾਲੇ ਅਨੁਸੂਚਿਤ ਜਾਤੀਆਂ/ਪੱਛੜੀਆਂ ਸ੍ਰੇਣੀਆਂ ਅਤੇ ਮੰਨਜੂਰਸ਼ੁਦਾ ਆਸਾਮੀਆਂ ਦੇ ਅੰਕੜੇ ਐਮ.ਆਈ.ਆਰ ਦੇ ਦਫਤਰ ਨੂੰ ਭੇਜੇ ਜਾਣ ਵਾਲੇ ਅੰਕੜਿਆਂ ਨਾਲ ਮੇਲ ਖਾਣੇ ਚਾਹੀਦੇ ਹਨ, ਜੇਕਰ ਕੋਈ ਫਰਕ ਹੋਇਆ ਤਾਂ ਜ਼ਿੰਮੇਵਾਰੀ ਆਪ ਜੀ ਦੇ ਦਫਤਰ ਦੀ ਹੋਵੇਗੀ ਅਤੇ ਸੂਚਨਾਂ ਕੇਵਲ ਨਿਰਧਾਰਤ ਪ੍ਰੋਫਾਰਮੇ ਤੇ (ਨੱਥੀ ਅਨੁਸਾਰ) ਹੀ ਭੇਜੀ ਜਾਵੇ।

ਸਹਿਲੱਗ/ਪ੍ਰੋਫਾਰਮਾ।

ਉਪ ਸਕੱਤਰ/ਸੇਵਾਵਾਂ-2
ਪੀਐਸਪੀਸੀਐਲ, ਪਟਿਆਲਾ।

ਚੱਲਦਾ......

ਪਿੱਠ ਅੰਕਣ ਨੰ:...15850/16435......................./ਆਈ.ਆਰ.ਪੀ-21/12(12/12) ਮਿਤੀ.25/01/2013

ਉਪਰੋਕਤ ਦਾ ਉਤਾਰਾ ਸਮੇਤ ਪ੍ਰੋਫਾਰਮਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀਐਸਪੀਸੀਐਲ/ਪੀਐਸਟੀਸੀਐਲ ਦੇ ਸਾਰੇ ਨਿਗਰਾਨ ਇੰਜੀਨੀਅਰ।

2. ਪੀਐਸਪੀਸੀਐਲ/ਪੀਐਸਟੀਸੀਐਲ ਦੇ ਸਾਰੇ ਰੈਜੀਡੈਂਟ/ਸੀਨੀਅਰ ਕਾਰਜਕਾਰੀ ਇੰਜੀਨੀਅਰ।

ਲੋੜੀਂਦੀ ਸਮਾਪਤੀ ਰਿਪੋਰਟ 31.12.12 ਨੱਥੀ ਕੀਤੇ ਪ੍ਰੋਫਾਰਮੇ ਤੇ ਹਰ ਪੱਖੋਂ ਮੁਕੰਮਲ ਕਰਕੇ ਆਪਣੇ ਉਚ ਅਧਿਕਾਰੀਆਂ ਨੂੰ ਤੁਰੰਤ ਭੇਜੀ ਜਾਵੇ। ਕਾਰਜਕਾਰੀ ਇੰਜੀਨੀਅਰ ਆਪਣੇ ਸਾਰੇ ਮੰਡਲ ਦੀ ਸੂਚਨਾ ਆਪਣੇ ਨਿਗਰਾਨ ਇੰਜੀਨੀਅਰ ਨੂੰ ਅਤੇ ਨਿਗਰਾਨ ਇੰਜੀਨੀਅਰ ਆਪਣੇ ਸਾਰੇ ਹਲਕੇ ਦੀ ਸੰਕਲਿਤ ਸੂਚਨਾ ਆਪਣੇ ਮੁੱਖ ਇੰਜੀਨੀਅਰ ਨੂੰ ਤੁਰੰਤ ਭੇਜਣ ਤਾਂ ਜੋ ਮੁੱਖ ਇੰਜੀਨੀਅਰ ਆਪਣੇ ਸਾਰੇ ਐਡਮਿਨੀਸਟਰੇਸ਼ਨ ਦੀ ਲੋੜੀਂਦੀ ਸੂਚਨਾ ਸੰਕਲਿਤ ਰੂਪ ਵਿਚ ਮੁੱਖ ਦਫਤਰ ਨੂੰ ਸਮੇਂ ਸਿਰ ਭੇਜ ਸਕਣ। ਸੂਚਨਾ ਭੇਜਣ ਸਮੇਂ ਇਸ ਦਫਤਰ ਦੇ ਉਪਰੋਕਤ ਪੈਰ੍ਹਾ 6,7,8 ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਦਰਜਾ 3 ਅਤੇ 4 ਕੈਟਾਗਰੀਆਂ ਸਬੰਧੀ, ਉਨ੍ਹਾਂ ਸਾਰੇ ਕਰਮਚਾਰੀਆਂ ਦੀ ਸੂਚਨਾ ਪ੍ਰੋਫਾਰਮੇ ਵਿੱਚ ਤਿਆਰ ਕੀਤੀ ਗਈ ਹੈ, ਜੋ ਕਿ ਉਹਨਾਂ ਦੇ ਦਫਤਰਾਂ/ਜਾਂ ਉਨ੍ਹਾਂ ਅਧੀਨ ਆਉਂਦੇ ਦਫਤਰਾਂ ਵਿਚ ਕੰਮ ਕਰਦੇ ਹਨ, ਭਾਵੇਂ ਉਨ੍ਹਾਂ ਦੀ ਨਿਯੁਕਤੀ ਭਰਤੀ ਅਤੇ ਤਰੱਕੀ ਕਿਸੇ ਵੀ ਦਫਤਰ ਵੱਲੋਂ ਕੀਤੀ ਗਈ ਹੋਵੇ। ਨਿਗਰਾਨ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ, ਵਿਸ਼ਾ ਚਰਚਿਤ ਸੂਚਨਾ ਇਸ ਦਫਤਰ ਨੂੰ ਸਿੱਧੇ ਭੇਜਣ ਦੀ ਖੇਚਲ ਬਿਲਕੁਲ ਨਾ ਕਰਨ, ਕਿਉਂਕਿ ਉਨ੍ਹਾਂ ਦੇ ਦਫਤਰ ਵੱਲੋਂ ਭੇਜੀ ਗਈ ਸੂਚਨਾ ਇਸ ਦਫਤਰ ਵੱਲੋਂ ਵਿਚਾਰੀ ਨਹੀਂ ਜਾਵੇਗੀ।

3 ਉਪ ਮੁੱਖ ਇੰਜਨੀਅਰ/ਆਈ.ਟੀ.,ਪੀ.ਐਸ.ਪੀ.ਸੀ.ਐਲ ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਤੇ ਪਾ ਦਿੱਤਾ ਜਾਵੇ ਜੀ।

ਸਹਿਲੱਗ/ਪ੍ਰੋਫਾਰਮਾ

ਉਪ ਸਕੱਤਰ/ਸੇਵਾਵਾਂ-2
ਪੀਐਸਪੀਸੀਐਲ, ਪਟਿਆਲਾ।

ਸੀ.ਸੀ. ਸਹਾਇਕ ਮੈਨੇਜਰ (ਐਚ.ਆਰ.)/ਗਜਟੀ ਭਾਗ-2 ਪਟਿਆਲਾ ਨੂੰ ਸੂਚਨਾ ਮਿਥੇ ਸਮੇ ਦੇ ਅੰਦਰ 2 ਭੇਜਣ ਲਈ

# ਪ੍ਰੋਫਾਰਮਾ

ਪੀ.ਐਸ.ਪੀ.ਸੀ.ਐਲ ਦੀਆਂ ਸੇਵਾਂਵਾਂ ਵਿੱਚ ਅਨੁਸੂਚਿਤ ਜਾਤੀਆਂ /ਪੱਛੜੀਆਂ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਸਬੰਧੀ ਅੰਕੜੇ ਸਮਾਪਤੀ 31.12.2012 ।

| ਲੜੀ ਨੰ: | ਕੈਟਾਗਰੀ ਦਾ ਨਾਂ | ਤਨਖਾਹ ਸਕੇਲ | ਸੇਵਾਂਵਾਂ ਦਾ ਦਰਜਾ | ਮੰਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ | ਭਰੀਆਂ ਅਸਾਮੀਆਂ | | ਭਰੀਆਂ ਅਸਾਮੀਆਂ ਦੇ ਅਧਾਰ ਤੇ ਬਣਦਾ ਰਾਖਵਾਂ ਕੋਟਾ | |
|---|---|---|---|---|---|---|---|---|
| | | | | | ਸਿੱਧੀ ਭਰਤੀ | ਤਰੱਕੀ ਰਾਂਹੀਂ | ਸਿੱ.ਭਰਤੀ<br>ਅ.ਜਾਤੀ ਪੱਛੜੀ ਸ਼੍ਰੇਣੀ | ਤਰੱਕੀ ਰਾਂਹੀਂ<br>ਅ.ਜਾਤੀ ਪੱਛੜੀ ਸ਼੍ਰੇਣੀ |
| 1 | 2 | 3 | 4 | 5 | 6 | 7 | 8 | 9 |

•

| ਤੈਨਾਤ ਕ੍ਰਮਚਾਰੀ ਸਿੱਧੀ ਭਰਤੀ | | ਤੈਨਾਤ ਕ੍ਰਮਚਾਰੀ ਤਰੱਕੀ ਰਾਂਹੀਂ | ਬੈਕਲਾਗ | | |
|---|---|---|---|---|---|
| | | | ਸਿੱਧੀ ਭਰਤੀ | | ਤਰੱਕੀ ਰਾਂਹੀਂ |
| ਅ.ਜਾਤੀ | ਪੱ. ਸ਼੍ਰੇਣੀ | ਅਨੁਸੂਚਿਤ ਜਾਤੀ | ਅ.ਜਾਤੀ | ਪੱ:ਸ਼੍ਰੇਣੀ | ਅਨੁਸੂਚਿਤ ਜਾਤੀ |
| 11 | 12 | 13 | 14 | 15 | 16 |

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਪ੍ਰਸ਼ਾਸ਼ਨ ਦੀਆਂ ਲੋੜੀਦੀਆਂ ਸਾਰੀਆਂ ਕੈਟਾਗਰੀਆਂ ਦੀ ਸੂਚਨਾ ਉਪਰੋਕਤ ਅਨੁਸਾਰ ਦਰਜ ਕਰ ਦਿੱਤੀ ਹੈ ਅਤੇ ਇਹਨਾਂ ਕੈਟਾਗਰੀਆਂ ਦੇ ਅੰਕੜੇ ਪ੍ਰਸ਼ਾਸ਼ਨ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਅੰਕੜਿਆਂ ਨਾਲ ਮੇਲ ਖਾਂਦੇ ਹਨ।
   ਮਿਤੀ 15.11.1997 ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ ਦੀਆਂ ਤਰੱਕੀਆਂ ਵਿੱਚ ਰਾਖਵਾਂਕਰਨ ਨਹੀਂ ਹੈ।

ਦਫਤਰ ਦੇ ਮੁਖੀ ਦੇ ਹਸਤਾਖਰ